BRAMPTON

Media Release

ਤੁਰੰਤ ਰਿਲੀਜ ਲਈ

# ਨਿਵਾਸੀਆਂ ਨੂੰ ਬ੍ਰੈਂਪਟਨ ਦੇ ਹੁਰੋਨਟੈਰੀਓ-ਸਟੀਲਸ ਖੇਤਰ ਦੇ ਪਰਿਵਰਤਨ ਤੇ ਵਰਚੁਅਲ ਟਾਊਨ ਹਾਲ ਵਿੱਚ ਸੱਦਾ ਦਿੱਤਾ ਗਿਆ

ਬ੍ਰੈਂਪਟਨ, ਓਨਟੈਰੀਓ (28 ਸਤੰਬਰ, 2020) – ਨਿਵਾਸੀਆਂ ਨੂੰ ਟ੍ਰਾਂਜ਼ਿਟ ਓਰਿਐਂਟੇਡ ਕਮਿਉਨਿਟੀਜ (Transit Oriented Communities) ਅਤੇ ਅਪਟਾਊਨ ਬ੍ਰੈਂਪਟਨ ਹੁਰੋਨਟੈਰੀਓ-ਸਟੀਲਸ (Uptown Brampton Hurontario-Steeles) (ਜਿਸਨੂੰ ਲੋਕਲ ਤੌਰ ਤੇ ਸ਼ੌਪਰਸ ਵਰਲਡ (Shoppers World) ਕਿਹਾ ਜਾਂਦਾ ਹੈ) ਖੇਤਰ ਬਾਰੇ ਹੋਰ ਜਾਣਨ ਲਈ, ਵੀਰਵਾਰ, 8 ਅਕਤੂਬਰ ਨੂੰ ਸ਼ਾਮ 6 ਵਜੇ ਤੋਂ ਰਾਤ 8:30 ਵਜੇ ਤੱਕ, ਵਰਚੁਅਲ ਟਾਊਨ ਹਾਲ ਵਿੱਚ ਸੱਦਾ ਦਿੱਤਾ ਜਾਂਦਾ ਹੈ।

ਸਿਟੀ ਆਫ ਬ੍ਰੈਂਪਟਨ, ਸਿਟੀ ਆਫ ਹੇਲਸਿੰਕੀ (City of Helsinki), ਗ੍ਰੀਨਬਰਗ ਕਨਸਲਟੈਂਟਸ (Greenberg Consultants) ਅਤੇ ਯੂਨੀਵਰਸਿਟੀ ਆਫ ਟੋਰੋਂਟੋ ਸਕੂਲ ਆਫ ਸਿਟੀਜ (University of Toronto School of Cities) ਦੇ ਸਹਿਯੋਗ ਨਾਲ, ਅਰਬਨ ਲੈਂਡ ਇੰਸਟੀਟਿਊਟ (Urban Land Institute) ਦੀ ਮੇਜਬਾਨੀ ਵਾਲੇ ਇਸ ਕਾਰਜਕਰਮ ਵਿੱਚ, ਨਿਵਾਸੀ ਇੰਡਸਟਰੀ ਦੇ ਮਾਹਰਾਂ ਦੇ ਵਿਚਾਰ ਸੁਣਨਗੇ। ਨਾਲ ਹੀ, ਉਹ ਅਪਟਾਊਨ ਸ਼ੌਪਰਸ ਵਰਲਡ (Uptown Shoppers World) ਸਾਈਟ ਨੂੰ, ਅਰਬਨ ਕਮਿਉਨਿਟੀ ਹਬ (ਸ਼ਹਿਰੀ ਭਾਈਚਾਰਕ ਕੇਂਦਰ) ਵਾਲੇ ਇੱਕ "20-ਮਿੰਟ ਤੱਕ ਸੈਰ ਕਰਨ ਯੋਗ ਨੇਬਰਹੁੱਡ" ਵਿੱਚ ਬਦਲਣ ਦੇ ਇਸ ਰੋਮਾਂਚਕ ਮੌਕੇ ਬਾਰੇ ਸਵਾਲ ਪੁੱਛਣਗੇ, ਜੋ ਇੱਕ ਵੱਧ ਅਬਾਦੀ, ਮਿਲੀ-ਜੁਲੀ ਵਰਤੋਂ ਵਾਲੀ, ਪਰਿਵਾਰ-ਅਨੁਕੂਲਿਤ, ਸਿਹਤਮੰਦ ਅਤੇ ਸੈਰ ਕਰਨ ਯੋਗ, ਟ੍ਰਾਂਜ਼ਿਟ-ਓਰਿਐਂਟੇਡ ਕਮਿਉਨਿਟੀ (ਟ੍ਰਾਂਜ਼ਿਟ-ਅਨੁਕੂਲਿਤ ਭਾਈਚਾਰਾ) ਹੋਵੇ।

ਮਹੱਤਵਪੂਰਣ ਸਪੀਕਰਾਂ ਵਿੱਚ ਸ਼ਾਮਲ ਹਨ:

- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ
- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ, ਸਿਟੀ ਆਫ ਬ੍ਰੈਂਪਟਨ
- ਐਡੁਰਾਡੋ ਮੋਰੈਨੋ (Edurado Moreno), ਡਾਇਰੈਕਟਰ ਆਫ ਸਿਟੀ ਪ੍ਰੋਸਪੈਰਿਟੀ ਇੰਡੈਕਸ, ਯੂ.ਐਨ.-ਹੈਬਿਟੇਟ
- ਸਨਮਾਨਯੋਗ ਕਿੰਗ ਸੂਰਮਾ (Kinga Surma), ਐਸੋਸੀਏਟ ਮਿਨਿਸਟਰ ਆਫ ਟ੍ਰਾਂਸਪੋਰਟੇਸ਼ਨ, ਓਨਟੈਰਿਓ ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ
- ਜੋਨਾਥਨ ਗਿਟਲਿਨ (Jonathan Gitlin), ਚੀਫ ਓਪਰੇਟਿੰਗ ਅਫਸਰ, ਰਿਓਕੈਨ ਆਰ.ਈ.ਆਈ.ਟੀ.
- ਐਨੀ ਸਿਨੇਮੈਕੀ (Anni Sinnemäki), ਡਿਪਟੀ ਮੇਅਰ ਆਫ ਅਰਬਨ ਐਨਵਾਇਰਨਮੈਂਟ, ਸਿਟੀ ਆਫ ਹੇਲਸਿੰਕੀ
- ਜਾਨੀ ਮੋਲਿਸ (Jani Moliis), ਹੈੱਡ ਆਫ ਇੰਟਰਨੈਸ਼ਨਲ ਅਫੇਅਰਸ, ਸਿਟੀ ਆਫ ਹੇਲਸਿੰਕੀ
- ਇਵੋਨ ਯੰਗ (Yvonne Yeung), ਮੈਨੇਜਰ ਆਫ ਅਰਬਨ ਡਿਜ਼ਾਈਨ, ਸਿਟੀ ਆਫ ਬ੍ਰੈਂਪਟਨ
- ਕੇਨ ਗ੍ਰੀਨਬਰਗ (Ken Greenberg), ਪ੍ਰਿੰਸੀਪਲ, ਗ੍ਰੀਨਬਰਗ ਕਨਸਲਟੈਂਟਸ
- ਮੈਟੀ ਸਿਏਮਾਟੈਚੀ (Matti Siemiatycki), ਇੰਟਰਿਮ ਡਾਇਰੈਕਟਰ, ਯੂਨੀਵਰਸਿਟੀ ਆਫ ਟੋਰੋਂਟੋ ਸਕੂਲ ਆਫ ਸਿਟੀਜ
- ਬੌਬ ਜਰਕ (Bob Bjerke), ਡਾਇਰੈਕਟਰ ਆਫ ਪਾਲਸੀ ਪਲਾਨਿੰਗ, ਸਿਟੀ ਆਫ ਬ੍ਰੈਂਪਟਨ
- ਰਿਚਰਡ ਫੋਰਵਰਡ (Richard Forward), ਕਮਿਸ਼ਨਰ, ਸਿਟੀ ਆਫ ਬ੍ਰੈਂਪਟਨ
- ਐਂਡ੍ਰਿਊ ਡਨਕੈਨ (Andrew Duncan), ਐਸ.ਵੀ.ਪੀ. ਆਫ ਡੈਵਲੈਪਮੈਂਟ, ਰਿਓਕੈਨ ਆਰ.ਈ.ਆਈ.ਟੀ.
- ਡਾ. ਲੌਰੈਂਸ ਲੋਹ (Dr. Lawrence Loh), ਮੈਡੀਕਲ ਅਫਸਰ ਆਫ ਹੈਲਥ, ਪੀਲ ਪਬਲਿਕ ਹੈਲਥ
- ਡੇਵ ਕੈਪਿਲ (Dave Kapil), ਚੇਅਰ, ਨਿਊ ਬ੍ਰੈਂਪਟਨ
- ਰਿਚਰਡ ਜੋਏ (Richard Joy), ਐਗਜੀਕਿਉਟਿਵ ਡਾਇਰੈਕਟਰ, ਯੂ.ਐਲ.ਆਈ. ਟੋਰੋਂਟੋ
- ਏਮਾ ਵੈਸਟ (Emma West), ਚੇਅਰ, ਯੂ.ਐਲ.ਆਈ. ਟੋਰੋਂਟੋ

ਨਿਵਾਸੀ, ਟਾਊਨ ਹਾਲ ਲਈ [ਇੱਥੇ ਰਜਿਸਟਰ (register here)](register here) ਕਰ ਸਕਦੇ ਹਨ।

**ਅਪਟਾਊਨ ਬ੍ਰੈਂਪਟਨ ਬਾਰੇ**

ਅਪਟਾਊਨ ਫ੍ਰੇਮਵਰਕ ਪਲਾਨ (Uptown Framework Plan), ਅਪਟਾਊਨ ਖੇਤਰ ਨੂੰ ਟ੍ਰਾਂਜ਼ਿਟ ਓਰਿਐਂਟੇਡ ਕਮਿਊਨਿਟੀ ਵਿੱਚ ਬਦਲਣ ਲਈ ਨਿੱਜੀ ਨਿਵੇਸ਼ ਨੂੰ ਆਕਰਸ਼ਿਤ ਕਰਕੇ, ਬ੍ਰੈਂਪਟਨ 2040 ਵਿਜ਼ਨ (Brampton 2040 Vision) ਅਤੇ 2018 ਤੋਂ 2022 ਤੱਕ ਦੀਆਂ ਟਰਮ ਆਫ ਕਾਉਂਸਿਲ ਪ੍ਰਿਓਰਟੀਜ (Term of Council Priorities) ਨੂੰ ਅੱਗੇ ਲਾਗੂ ਕਰੇਗਾ। ਕਈ ਵੱਡੇ ਵਿਕਾਸਕਾਰਾਂ ਨੇ ਇਸ ਵਿੱਚ ਕਾਫੀ ਦਿਲਚਸਪੀ ਦਰਸਾਈ ਹੈ। ਇਹ ਪਰਿਵਰਤਨ, ਸਮੁੱਚੇ ਇਲਾਕੇ ਦੇ ਪਬਲਿਕ ਟ੍ਰਾਂਜ਼ਿਟ ਅਤੇ ਜੋਸ਼ੀਲੀਆਂ ਪਬਲਿਕ ਥਾਵਾਂ ਤੱਕ ਪਹੁੰਚ ਦੇ ਨਾਲ, ਕਿਰਿਆਸ਼ੀਲ ਟ੍ਰਾਂਸਪੋਰਟੇਸ਼ਨ ਇੰਫਰਾਸਟ੍ਰਕਚਰ ਨੂੰ ਏਕੀਕ੍ਰਿਤ ਕਰਕੇ, ਮੌਜੂਦਾ ਕਾਰ-ਅਨੁਕੂਲਿਤ ਖੇਤਰ ਵਿੱਚ ਤਬਦੀਲੀ ਲਿਆਵੇਗਾ।

ਲਾਈਟ ਰੇਲ ਟ੍ਰਾਂਜ਼ਿਟ (Light Rail Transit) ਸਟੇਸ਼ਨ, ਜੋ 2024 ਵਿੱਚ ਬਣ ਜਾਵੇਗਾ, ਤੋਂ 5-ਮਿੰਟਾਂ ਦੇ ਪੈਦਲ ਰਸਤੇ ਨਾਲ – ਹੁਰੋਨਟੈਰੀਓ ਅਤੇ ਸਟੀਲਸ ਦੇ ਚੌਰਾਹੇ ਤੇ ਸਥਿਤ – ਸ਼ਹਿਰੀ ਨੇਬਰਹੁੱਡ ਨੂੰ, ਇਸਦੇ ਕੇਂਦਰ ਵਿਖੇ ਸਥਿਤ, ਸ਼ੌਪਰਸ ਵਰਲਡ ਅਰਬਨ ਕਮਿਊਨਿਟੀ ਹਬ (Shoppers World Urban Community Hub) ਨਾਲ ਜੋੜਿਆ ਜਾਵੇਗਾ। ਅਪਟਾਊਨ ਦੇ ਕੇਂਦਰ ਨੂੰ ਟ੍ਰਾਂਜ਼ਿਟ ਓਰਿਐਂਟੇਡ ਕਮਿਊਨਿਟੀ ਵਿੱਚ ਬਦਲਣ ਨਾਲ, ਬ੍ਰੈਂਪਟਨ ਵਾਸੀ ਵਧੇ ਹੋਏ ਸਮਾਜਿਕ ਅਤੇ ਭੌਤਿਕ ਕਨੈਕਸ਼ਨਾਂ, ਕਿਰਿਆਸ਼ੀਲ ਜੀਵਨਸ਼ੈਲੀਆਂ ਦੀ ਹਿਮਾਇਤ ਵਾਲੇ ਸ਼ਹਿਰੀ ਡਿਜ਼ਾਈਨ, ਘਟੇ ਹੋਏ ਪ੍ਰਦੂਸ਼ਣ, ਆਰਥਿਕ ਵਾਧੇ ਅਤੇ ਨੌਕਰੀਆਂ ਪੈਦਾ ਹੋਣ ਦਾ ਅਨੁਭਵ ਕਰਨਗੇ।

**ਹਵਾਲੇ**

"ਬ੍ਰੈਂਪਟਨ ਅਗਾਂਹ-ਵਧੂ ਸੋਚ ਵਾਲਾ ਮੌਕਿਆਂ ਦਾ ਸ਼ਹਿਰ ਹੈ ਅਤੇ ਅਸੀਂ ਜੋਸ਼ੀਲੇ, ਸਿਹਤਮੰਦ ਅਤੇ ਸੰਪੂਰਣ ਭਾਈਚਾਰਿਆਂ ਲਈ ਵਧੀਆ ਯੋਜਨਾਬੰਦੀ ਦੇ ਤਰੀਕੇ ਤੇ ਕੰਮ ਕਰਨ ਲਈ ਵਚਨਬੱਧ ਹਾਂ। ਮੈਂ ਸਾਰੇ ਨਿਵਾਸੀਆਂ ਨੂੰ ਸਲਾਹ ਦਿੰਦਾ ਹਾਂ ਕਿ ਅਪਟਾਊਨ ਬ੍ਰੈਂਪਟਨ ਦੇ ਆਭਾਸੀ (ਵਰਚੁਅਲ) ਕਾਰਜਕਰਮ ਵਿੱਚ ਹਿੱਸਾ ਲਓ, 20-ਮਿੰਟਾਂ ਦੇ ਸੈਰ ਕਰਨ ਯੋਗ ਭਾਈਚਾਰਿਆਂ ਬਾਰੇ ਜਾਣੋ ਅਤੇ ਤੁਸੀਂ ਖੇਤਰ ਨੂੰ ਕਿਹੋ ਜਿਹਾ ਦੇਖਣਾ ਚਾਹੁੰਦੇ ਹੋ, ਇਸ ਬਾਰੇ ਆਪਣੇ ਸੁਝਾਅ ਦਿਓ। ਇਕੱਠੇ ਮਿਲ ਕੇ, ਅਸੀਂ ਅਪਟਾਊਨ ਬ੍ਰੈਂਪਟਨ ਦੀ ਸਮਰੱਥਾ ਨੂੰ ਖੋਲ੍ਹ ਸਕਦੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹੁਰੋਨਟੈਰੀਓ ਐਲ.ਆਰ.ਟੀ. ਦਾ ਸਟੀਲਸ ਸਟੌਪ ਨੂੰ, ਗੇਟਵੇ ਮੋਬਿਲਿਟੀ ਹਬ ਵਜੋਂ, ਮੈਟਰੋਲਿੰਕਸ 2041 ਰੀਜਨਲ ਟ੍ਰਾਂਸਪੋਰਟੇਸ਼ਨ ਪਲਾਨ ਅਤੇ ਬ੍ਰੈਂਪਟਨ ਔਫਿਸ਼ਿਅਲ ਪਲਾਨ ਵਿੱਚ ਨੋਟ ਕੀਤਾ ਹੋਇਆ ਹੈ। ਇਹ ਉਦੇਸ਼, ਵਧੀਆ ਕੁਆਲਿਟੀ ਦੀ ਸੈਰ ਅਤੇ ਸਾਈਕਲਿੰਗ ਇੰਫਰਾਸਟ੍ਰਕਚਰ ਸਮੇਤ, ਉੱਚ ਅਬਾਦੀ ਵਿੱਚ ਵਾਧੇ ਅਤੇ ਯਾਤਰਾ ਦੀਆਂ ਕਈ ਵਿਧੀਆਂ ਲਈ ਡਿਜ਼ਾਈਨ ਦੀ ਹਿਮਾਇਤ ਕਰਦਾ ਹੈ। ਜੇਕਰ ਗਲੋਬਲ ਮਹਾਂਮਾਰੀ ਨੇ ਸਾਨੂੰ ਕੁਝ ਸਿਖਾਇਆ ਹੈ, ਤਾਂ ਉਹ ਇਹ ਹੈ ਕਿ ਸਾਨੂੰ ਨਵੀਆਂ ਚੁਣੌਤੀਆਂ ਅਤੇ ਬਦਲਦੇ ਵਿਵਹਾਰਾਂ ਨੂੰ ਗ੍ਰਹਿਣ ਕਰਨ ਵਾਸਤੇ ਤਿਆਰ ਰਹਿਣਾ ਲਾਜ਼ਮੀ ਹੈ। ਅਪਟਾਊਨ ਨੂੰ ਟ੍ਰਾਂਜ਼ਿਟ ਓਰਿਐਂਟੇਡ ਕਮਿਊਨਿਟੀ ਵਿੱਚ ਬਦਲਣਾ ਬਿਲਕੁੱਲ ਸਹੀ ਹੈ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ, ਸਿਟੀ ਆਫ ਬ੍ਰੈਂਪਟਨ*

"ਅਰਬਨ ਕਮਿਊਨਿਟੀ ਹਬ ਇੰਪਲੀਮੈਂਟੇਸ਼ਨ ਪਲਾਨ, ਅਪਟਾਊਨ ਕੋਰ ਦੇ ਅੰਦਰ ਉੱਭਰਦੇ ਅਰਬਨ ਹਬ ਦੇ ਡਿਜ਼ਾਈਨ ਦਾ ਮਾਰਗ ਦਰਸ਼ਨ ਕਰਦਾ ਹੈ। ਥਾਵਾਂ ਬਣਾਉਣ ਦੀਆਂ ਇਹਨਾਂ ਸਫਲ ਕਾਰਜਨੀਤੀਆਂ ਤੋਂ ਮਿਲੇ ਫਾਇਦੇ, ਆਰਥਿਕ ਅਤੇ ਮਨੁੱਖੀ, ਦੋਵੇਂ ਸੰਦਰਭਾਂ ਵਿੱਚ ਪ੍ਰਾਪਤ ਹੋਣਗੇ। ਇਸ ਵਿੱਚ ਸ਼ਾਮਲ ਹਨ, ਨੌਕਰੀਆਂ ਪੈਦਾ ਹੋਣਾ, ਸੁਧਰੀ ਹੋਈ ਜਨਤਕ ਸਿਹਤ, ਸਮਾਜਿਕ ਮੇਲ ਅਤੇ ਵਾਤਾਵਰਣ ਅਨੁਕੂਲਿਤ ਫੁੱਟਪ੍ਰਿੰਟ ਤੇ ਵਿਚਾਰਸ਼ੀਲ ਵਿਕਾਸ। ਇਹ ਆਭਾਸੀ ਕਾਰਜਕਰਮ, ਬ੍ਰੈਂਪਟਨ ਵਾਸੀਆਂ ਨੂੰ ਜੋੜਨ ਅਤੇ ਇਸ ਰੋਮਾਂਚਕ ਪ੍ਰੋਜੈਕਟ ਬਾਰੇ ਹੋਰ ਸਹਿਯੋਗ ਲਈ ਪ੍ਰੇਰਿਤ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ।"

- *ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ, ਸਿਟੀ ਆਫ ਬ੍ਰੈਂਪਟਨ*

“ਸਿਟੀ ਵਿਖੇ, ਅਸੀਂ ਰਹਿਣ ਯੋਗ, ਸਿਹਤਮੰਦ ਅਤੇ ਸੰਪੂਰਣ ਭਾਈਚਾਰਿਆਂ ਦੀ ਯੋਜਨਾ ਬਣਾਉਣ ਲਈ ਵਚਨਬੱਧ ਹਾਂ, ਜੋ ਸਾਡੇ ਨਿਵਾਸੀਆਂ ਦੇ ਵਿਚਾਰਾਂ ਅਤੇ ਲੋੜਾਂ ਨੂੰ ਦਰਸਾਉਣ। ਅਪਟਾਊਨ ਬ੍ਰੈਂਪਟਨ ਵਰਚੁਅਲ ਟਾਊਨ ਹਾਲ, ਬ੍ਰੈਂਪਟਨ ਵਾਸੀਆਂ ਨੂੰ ਅਪਟਾਊਨ ਬ੍ਰੈਂਪਟਨ ਲਈ ਸਿਟੀ ਦੀਆਂ ਯੋਜਨਾਵਾਂ ਬਾਰੇ ਹੋਰ ਜਾਣਨ, ਸਟਾਫ ਤੋਂ ਸਵਾਲ ਪੁੱਛਣ ਅਤੇ ਇਸ ਬਾਰੇ ਆਪਣੇ ਸੁਝਾਅ ਦੇਣ ਦਾ ਮੌਕਾ ਪ੍ਰਦਾਨ ਕਰੇਗਾ ਕਿ ਖੇਤਰ ਨੂੰ ਟ੍ਰਾਂਜ਼ਿਟ ਓਰਿਐਂਟੇਡ ਕਮਿਉਨਿਟੀ ਦੇ ਤੌਰ ਤੇ ਕਿਵੇਂ ਵਿਕਸਿਤ ਕੀਤਾ ਜਾਵੇ।”

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

“ਅਗਲੇ ਕਈ ਸਾਲ, ਸਾਡੇ ਰੀਜਨ ਦੇ ਵਾਧੇ ਲਈ ਬੇਹੱਦ ਮਹੱਤਵਪੂਰਣ ਹਨ। ਸਾਡੇ ਲਈ, ਜਨਤਕ ਨੀਤੀ ਬਣਾਉਣ ਵਾਲਿਆਂ ਅਤੇ ਲੋਕਲ ਭਾਈਚਾਰਿਆਂ ਵਿਚਕਾਰ ਸਕਾਰਾਤਮਕ ਲੀਡਰਸ਼ਿਪ ਦੁਆਰਾ, ਨਵੀਨ ਅਤੇ ਜ਼ਿੰਮੇਵਾਰ ਵਿਕਾਸ ਦੇ ਲਾਗੂਕਰਣ ਨੂੰ ਅਗਾਂਹ ਵਧਾਉਣ ਲਈ, ਰਹਿਣ ਯੋਗ, ਬਰਾਬਰੀ ਵਾਲੇ, ਵੰਨ-ਸੁਵੰਨੇ ਅਤੇ ਸ਼ਮੂਲੀਅਤ ਵਾਲੇ ਗਵਾਂਢਾਂ ਦੇ ਦ੍ਰਿਸ਼ਟੀਕੋਣ ਦਾ ਫਾਇਦਾ ਲੈਣਾ ਲਾਜ਼ਮੀ ਹੈ। ਬ੍ਰੈਂਪਟਨ ਦਾ ਪਹਿਲਾਂ ਤੋਂ ਕਿਰਿਆਸ਼ੀਲ ਦ੍ਰਿਸ਼ਟੀਕੋਣ ਇਸ ਵੱਲ ਰਾਹ ਦਿਖਾ ਰਿਹਾ ਹੈ ਅਤੇ ਇਸ ਵਰਗੇ ਕਾਰਜਕਰਮ, ਸ਼ਾਨਦਾਰ ਸਹਿਯੋਗ ਵਿੱਚ ਵਾਧਾ ਕਰਦੇ ਹਨ ਅਤੇ ਇਸ ਬਾਰੇ ਗੱਲਬਾਤ ਦਾ ਵਿਸਤਾਰ ਕਰਦੇ ਹਨ ਕਿ ਅਸੀਂ ਸਾਡੇ ਪਰਿਵਾਰਾਂ ਲਈ ਕਿਸ ਤਰ੍ਹਾਂ ਦੇ ਸ਼ਹਿਰ ਚਾਹੁੰਦੇ ਹਾਂ।”

- *ਰਿਚਰਡ ਜੋਏ (Richard Joy), ਐਗਜ਼ੀਕਿਉਟਿਵ ਡਾਇਰੈਕਟਰ, ਅਰਬਨ ਲੈਂਡ ਇੰਸਟੀਟਿਊਟ, ਟੋਰੋਂਟੋ*

“ਅਸੀਂ ਗ੍ਰੇਟਰ ਟੋਰੋਂਟੋ ਏਰੀਆ ਦੇ ਅੰਦਰ ਵਾਧੇ ਬਾਰੇ ਵਿਚਾਰ-ਵਟਾਂਦਰੇ ਵਿੱਚ ਹਿੱਸਾ ਲੈਣ ਲਈ ਬੇਹੱਦ ਖੁਸ਼ ਅਤੇ ਉਤਸ਼ਾਹਿਤ ਹਾਂ। ਹੇਲਸਿੰਕੀ ਵੀ ਤੀਬਰ ਵਾਧੇ ਨਾਲ ਕਈ ਚੁਣੌਤੀਆਂ ਦਾ ਸਾਮ੍ਹਣਾ ਕਰਦਾ ਹੈ ਪਰੰਤੂ ਸਾਡੇ ਭਵਿੱਖ ਦੀ ਯੋਜਨਾ ਬਣਾਉਣ ਵਿੱਚ ਰੋਮਾਂਚ ਵੀ ਬਹੁਤ ਹੈ। ਮੈਂ ਤੁਹਾਨੂੰ ਲਾਭਦਾਇਕ ਵਿਚਾਰ-ਵਟਾਂਦਰਿਆਂ ਲਈ ਸ਼ੁਭ ਕਾਮਨਾਵਾਂ ਦਿੰਦੀ ਹਾਂ। ਮੈਨੂੰ ਪੂਰੀ ਆਸ ਹੈ ਕਿ ਹੇਲਸਿੰਕੀ ਦਾ ਅਨੁਭਵ, ਨਵੇਂ ਅਪਟਾਊਨ ਅਰਬਨ ਹਬ ਲਈ, ਬ੍ਰੈਂਪਟਨ ਦੀਆਂ ਯੋਜਨਾਵਾਂ ਨੂੰ ਪ੍ਰੇਰਿਤ ਕਰਨ ਵਿੱਚ ਮਦਦ ਕਰੇਗਾ।”

- *ਐਨੀ ਸਿਨੇਮੈਕੀ (Anni Sinnemäki), ਡਿਪਟੀ ਮੇਅਰ, ਸਿਟੀ ਆਫ ਹੇਲਸਿੰਕੀ ਅਤੇ ਚੇਅਰ ਆਫ ਅਰਬਨ ਐਨਵਾਇਰਨਮੈਂਟ*

"ਬ੍ਰੈਂਪਟਨ, ਸ਼ੋਪਰਸ ਵਰਲਡ ਵਿੱਚ ਅਪਟਾਊਨ ਵਿਖੇ, ਆਪਣੇ ਗ੍ਰਹਿਣ ਕੀਤੇ 2040 ਵਿਜ਼ਨ ਨੂੰ ਪੂਰਾ ਕਰਨ ਵਿੱਚ ਅਗਲੇ ਰੋਮਾਂਚਕ ਕਦਮ ਲਈ ਤਿਆਰ ਹੈ। ਸਿਟੀ, ਰੀਜਨ ਅਤੇ ਸੂਬੇ ਦੇ ਸਹਿਯੋਗ ਨਾਲ, ਛੇ ਪ੍ਰਮੁੱਖ ਵਿਕਾਸਕਾਰਾਂ ਨੇ, ਸਟੀਲਸ ਅਤੇ ਹੁਰੋਨਟੈਰੀਓ/ਮੇਨ ਸਟ੍ਰੀਟ ਵਿਖੇ ਲਾਈਟ ਰੇਲ ਦੇ ਅਨੁਮਾਨਿਤ ਆਗਮਨ ਵਾਸਤੇ, 20-ਮਿੰਟ ਟ੍ਰਾਂਜ਼ਿਟ-ਓਰਿਐਂਟੇਡ, ਸੈਰ ਕਰਨ ਯੋਗ ਨੇਬਰਹੁੱਡ ਲਈ, ਡਿਜ਼ਾਈਨ-ਅਧਾਰਿਤ ਵਿਜਨ ਲਾਗੂ ਕਰਨ ਲਈ ਸਹਿਯੋਗ ਦਿੱਤਾ ਹੈ। ਇਹ ਪਹਿਲਕਦਮੀ, ਇਸ ਨੌਜਵਾਨ ਅਬਾਦੀ ਵਾਲੀ, ਗਤੀਸ਼ੀਲ ਅਤੇ ਤੇਜ਼ੀ ਨਾਲ ਵਧ ਰਹੀ, ਜੀ.ਟੀ.ਏ. ਮਿਊਨਿਸਿਪਲਟੀ ਵਾਸਤੇ, ਵੱਧ ਸਥਿਰ, ਸ਼ਮੂਲੀਅਤ ਵਾਲੇ ਅਤੇ ਖੁਸ਼ਹਾਲ ਭਵਿੱਖ ਵੱਲ ਵਧਣ ਦਾ ਸੰਕੇਤ ਦਿੰਦੀ ਹੈ।"

- *ਕੇਨ ਗ੍ਰੀਨਬਰਗ (Ken Greenberg), ਪ੍ਰਿੰਸੀਪਲ ਆਫ ਗ੍ਰੀਨਬਰਗ ਕਨਸਲਟੈਂਟਸ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 |Monika.Duggal@brampton.ca

Media Release

The Corporation of The City of Brampton
2 Wellington Street West, Brampton, ON L6Y 4R2 311 TTY: 905.874.2130